## “ਕਿਸਾਨ ਕਰਜ਼ਾ ਮੁਕਤੀ ਬਿੱਲ 2017” ਦਾ ਸਾਰਾਂਸ਼

### ਆਮ ਰੂਪ-ਰੇਖਾ

ਇਹ ਬਿੱਲ ਦੋ ਪਹਿਲੂਆਂ ਉੱਤੇ ਆਧਾਰਤ ਹੈ: 1. ਕਰਜ਼ੇ ਤੋਂ ਫ਼ੌਰੀ ਮੁਕਤੀ ਜਿਸਦਾ ਭਾਵ ਹੈ ਮੌਜੂਦਾ ਕਰਜ਼ੇ ਦੀ ਮਾਫ਼ੀ, ਅਤੇ 2. ਕਿਸਾਨਾਂ ਨੂੰ ਭਵਿੱਖ ਵਿਚ ਕਰਜ਼ੇ ਦੇ ਜਾਲ ਵਿਚ ਫਸਣ ਤੋਂ ਬਚਾਉਣਾ ਜਿਸ ਦੇ ਲਈ ‘ਕਿਸਾਨ ਕਰਜ਼ਾ ਰਾਹਤ ਕਮੀਸ਼ਨ’ ਦੀ ਸਥਾਪਨਾ ਕਰਨਾ

ਮੌਜੂਦਾ ਕਰਜ਼ਾ ਮੁਕਤੀ ਸਿੱਧੇ ਤੌਰ ’ਤੇ ਸਰਕਾਰ ਨੂੰ ਕਰਨੀ ਚਾਹੀਦੀ ਹੈ, ਕਮੀਸ਼ਨ ਰਾਹੀਂ ਨਹੀਂ। ਬੈਂਕ ਕਰਜ਼ਿਆਂ ਦੀ ਮਾਫ਼ੀ ਨਾਲ-ਨਾਲ ਇਸ ਬਿੱਲ ਵਿਚ ਗ਼ੈਰ-ਸੰਸਾਥਗਤ ਕਰਜ਼ਿਆਂ ਤੋਂ ਰਾਹਤ ਲਈ ਵੀ ਵਿਧਾਨ ਸ਼ਾਮਲ ਕੀਤੇ ਗਏ ਹਨ। ਫ਼ੌਰੀ ਕਰਜ਼ਾ ਮਾਫ਼ੀ ਵਿਚ, ਗ਼ੈਰ-ਸੰਸਾਥਗਤ ਕਰਜ਼ੇ ਨੂੰ ਸੰਸਥਾਗਤ ਕਰਜ਼ੇ ਵਿਚ ਬਦਲਣ ਲਈ ਕਰਜ਼ਾ-ਬਦਲੀ ਸਰਕਾਰ ਰਾਹੀਂ ਨਿਰਧਾਰਤ ਪ੍ਰਕਿਰਿਆ ਅਨੁਸਾਰ ਲਾਗੂ ਕੀਤੀ ਜਾਵੇਗੀ ਅਤੇ ਇਸ ਤੋਂ ਬਾਅਦ ਬੈਂਕ ਕਰਜ਼ਿਆਂ ਲਈ ਕਰਜ਼ਾ ਮਾਫ਼ੀ ਕੀਤੀ ਜਾਵੇਗੀ।

ਭਵਿੱਖ ਵਿਚ, ਕਰਜ਼ਾ ਰਾਹਤ ਕਮਿਸ਼ਨ ਨੂੰ ਬਿਪਤਾ-ਪ੍ਰਭਾਵਤ ਖੇਤਰ ਅਤੇ ਬਿਪਤਾ-ਪ੍ਰਭਾਵਤ ਫ਼ਸਲਾਂ ਐਲਾਨਣ, ਕਰਜ਼ਾ ਰਾਹਤ ਲਈ ਲੋੜੀਂਦੇ ਕਦਮ ਚੁੱਕਣ, ਬਿਨਾਂ ਵਾਧੂ ਵਿਆਜ਼ ਦੇ ਬੋਝ ਦੇ ਕਰਜ਼ੇ ਦੀ ਮਿਆਦ ਨੂੰ ਮੁੜ-ਮਿੱਥਣ ਦਾ, ਕੁਝ ਵਿਸ਼ੇਸ਼ ਕਰਜ਼ਿਆਂ ਨੂੰ ਮਾਫ਼ ਕਰਨ ਦੀ ਸਿਫ਼ਾਰਸ਼ ਕਰਨ, ਕਰਜ਼ਾ-ਬਦਲੀ ਨੂੰ ਮਾਨਤਾ ਦੇਣ ਅਤੇ ਕਰਜ਼ਾ ਵਸੂਲੀ ਨੂੰ ਤਿੰਨ ਸਾਲਾਂ ਤੱਕ ਰੋਕਣ ਦਾ ਅਧਿਕਾਰ ਹੋਵੇਗਾ।

ਇਹ ਬਿੱਲ ਇਕ ਮਾਡਲ ਕਾਨੂੰਨ ਦੀ ਰੂਪਰੇਖਾ ਵੀ ਪ੍ਰਦਾਨ ਕਰ ਰਿਹਾ ਹੈ ਜਿਸ ਨੂੰ ਸੂਬਾ ਸਰਕਾਰਾਂ ਸੂਬਾ ਪੱਧਰ ਉੱਤੇ ਖੇਤੀ ਕਰਜ਼ਾ ਰਾਹਤ ਕਮੀਸ਼ਨ ਸਥਾਪਿਤ ਕਰਨ ਵਾਸਤੇ ਲਾਗੂ ਕਰਨਗੀਆਂ ਅਤੇ ਇਨ੍ਹਾਂ ਕਮੀਸ਼ਨਾਂ ਨੂੰ ਸਹਿਕਾਰੀ ਬੈਂਕਾਂ ਅਤੇ ਗ਼ੈਰ-ਸੰਸਥਾਗਤ ਸਮੇਤ ਸਾਰੇ ਸਰੋਤਾਂ ਦੇ ਕਰਜ਼ਿਆਂ ਤੋਂ ਰਾਹਤ ਦੇ ਮਾਮਲੇ ਨਜਿੱਠਣ ਦਾ ਅਧਿਕਾਰ ਹੋਵੇਗਾ। ਇਹ ਬਿੱਲ ਦਬਾਅ-ਪਾਉਣ ਵਾਲੀਆਂ ਕਾਰਵਾਈਆਂ ਅਤੇ ਜਾਇਦਾਦ ਜੋੜਨ/ਕੁਰਕੀ ਕਰਨ ਦੀ ਪ੍ਰਕਿਰਿਆ ਨੂੰ ਵੀ ਨੇਮਬੱਧ ਕਰਨ ਦੀ ਮੰਗ ਕਰਦਾ ਹੈ।

ਭਵਿੱਖ ਦੇ ਕਰਜ਼ਿਆਂ ਨੂੰ ਘਟਾਉਣ ਲਈ ਇਸ ਬਿੱਲ ਵਿਚ ਕਾਰਗਰ ਫ਼ਸਲ ਬੀਮਾ, ਆਫ਼ਤ ਬੀਮਾ ਅਤੇ ਘੱਟ ਲਾਗਤ ਵਾਲੀ ਚਿਰੰਜੀਵੀ ਖੇਤੀ ਦੇ ਨੁਕਤੇ ਸ਼ਾਮਲ ਕੀਤੇ ਗਏ ਹਨ।

> ਇਕ ਕਮੀਸ਼ਨ, ਜਿਸ ਕੋਲ ਫ਼ੈਸਲੇ ਕਰਨ ਅਤੇ ਕਰਜ਼ਈ ਕਿਸਾਨਾਂ ਦੀਆਂ ਮੁਸ਼ਕਲਾਂ ਅਤੇ ਇਸ ਨਾਲ ਸੰਬੰਧਤ ਮਸਲਿਆਂ ਅਤੇ ਇਸ ਕਰਕੇ ਪੈਦਾ ਹੋਣ ਵਾਲੇ ਮਸਲਿਆਂ ਦੇ ਹੱਲ ਲਈ ਵਾਜਬ ਕਦਮ ਚੁੱਕਣ ਦੀ ਸਿਫ਼ਾਰਸ਼ ਕਰਨ ਦਾ ਅਧਿਕਾਰ ਹੋਵੇ, ਦੀ ਸਥਾਪਨਾ ਕਰਕੇ ਕਰਜ਼ਾਈ ਕਿਸਾਨਾਂ ਦੀ ਫ਼ੌਰੀ ਕਰਜ਼ਾ ਮੁਕਤੀ ਅਤੇ ਕਰਜ਼ੇ ਦੀ ਬਿਪਤਾ ਵਿਚ ਫ਼ਸੇ ਉਨ੍ਹਾਂ ਕਿਸਾਨਾਂ ਨੂੰ ਲਗਾਤਾਰ ਰਾਹਤ ਦੇਣ ਹਿੱਤ ਬਿੱਲ

### ਅਧਿਆਇ ਪਹਿਲਾ: ਮੁੱਖ ਪਰਿਭਾਸ਼ਾਵਾਂ

**“ਖੇਤੀਬਾੜੀ”** ਵਿਚ ਬਾਗ਼ਬਾਨੀ, ਖੇਤੀ ਅਤੇ ਦਵਾਈ ਵਾਲੇ ਪੌਦਿਆਂ ਦੀ ਪੈਦਾਵਾਰ, ਫ਼ਸਲਾਂ ਅਤੇ ਅੰਤਰ-ਫ਼ਸਲਾਂ, ਫਲ, ਸਬਜ਼ੀਆਂ, ਦੁੱਧ ਉਤਪਾਦਨ, ਛੋਟੇ-ਮੋਟੇ ਜੰਗਲੀ ਉਤਪਾਦ ਇਕੱਤਰ ਕਰਨਾ, ਫੁੱਲਾਂ, ਘਾਹ, ਚਾਰੇ ਅਤੇ ਦਰੱਖ਼ਤਾਂ ਦੀ ਖੇਤੀ ਜਾਂ ਕਿਸੇ ਵੀ ਕਿਸਮ ਦੀ ਜ਼ਮੀਨ ਦੀ ਵਾਹੀ, ਨਰਸਰੀ ਚਲਾਉਣਾ, ਨਸਲਕਸ਼ੀ (ਬ੍ਰੀਡਿੰਗ) ਅਤੇ ਪਸ਼ੂਧਨ ਰੱਖਣਾ ਜਿਸ ਵਿਚ ਮੱਛੀ ਪਾਲਣ, ਸਿੱਪੀਆਂ, ਮੱਖੀ-ਪਾਲਣ, ਰੇਸ਼ਮ ਦੇ ਕੀੜੇ, ਮੁਰਗੀ ਪਾਲਣ, ਬੱਤਖ ਪਾਲਣ, ਦੁਧਾਰੂ ਪਸ਼ੂ ਪਾਲਣ ਜਾਂ ਸੂਰ ਪਾਲਣ ਅਤੇ ਖੇਤੀ ਵਾਲੀ ਜ਼ਮੀਨ ਦਾ ਖੇਤੀ ਨਾਲ ਸੰਬੰਧਤ ਕੰਮ-ਕਾਜ ਜਾਂ ਹੋਰ ਦੂਸਰੇ ਖੇਤੀ ਮਨੋਰਥ ਸ਼ਾਮਲ ਹਨ;

**“ਕਿਸਾਨ”** ਤੋਂ ਭਾਵ ਉਹ ਵਿਅਕਤੀ ਜੋ ਸਰਗਰਮੀ ਨਾਲ ਫ਼ਸਲਾਂ ਪੈਦਾ ਕਰਨ, ਜਾਂ ਹੋਰ ਮੁੱਢਲੀਆਂ ਖੇਤੀ ਵਸਤਾਂ ਦਾ ਉਤਪਾਦਨ ਜ਼ਮੀਨ ਦੀ ਮਲਕੀਅਤ ਨਾਲ ਜਾਂ ਜ਼ਮੀਨ ਦੀ ਮਲਕੀਅਤ ਤੋਂ ਬਿਨਾਂ ਆਰਥਿਕ ਅਤੇ/ਜਾਂ ਰੁਜ਼ਗਾਰ ਵਾਲੀ ਸਰਗਰਮੀ ਕਰ ਰਿਹਾ ਹੈ ਅਤੇ ਇਸ ਵਿਚ ਖੇਤੀਬਾੜੀ ਕਿਰਿਆਵਾਂ ਦਾ ਸੰਚਾਲਕ, ਕਾਸ਼ਤਕਾਰ, ਖੇਤ ਮਜ਼ਦੂਰ, ਮੁਜ਼ਾਰਾ, ਕਿਰਾਏਦਾਰ, ਮੁਰਗੀ ਪਾਲਕ ਅਤੇ ਪਸ਼ੂ-ਪਾਲਕ, ਮੱਛੀ ਪਾਲਕ, ਮਧੂਮੱਖੀ ਪਾਲਕ, ਚਰਵਾਹਾ, ਗ਼ੈਰ-ਕੋਰਪੋਰੇਟ ਨੌਅਬਾਦਕਾਰ (ਰੁੱਖ ਲਾਉਣ ਵਾਲਾ) ਅਤੇ ਰੁੱਖ ਲਾਉਣ

ਵਾਲੇ ਮਜ਼ਦੂਰਾਂ ਦੇ ਨਾਲ-ਨਾਲ ਜੰਗਲ ਤੋਂ ਵਸਤਾਂ ਇਕੱਤਰ ਕਰਨ ਵਾਲਾ। ਸਾਂਝੀ ਮਲਕੀਅਤ ਵਾਲੀ ਜਾਂ ਕਿਰਾਏ 'ਤੇ ਲਈ ਜ਼ਮੀਨ ਉੱਪਰ ਖੇਤੀਬਾੜੀ ਕਰਨ ਵਾਲੇ ਸੈਲਫ਼-ਹੈਲਪ ਗਰੁੱਪ ਵੀ ਸ਼ਾਮਲ ਹਨ।

**"ਕਰਜ਼ਾ"** ਤੋਂ ਭਾਵ ਇਸ ਕਾਨੂੰਨ ਦੇ ਆਰੰਭ ਹੋਣ ਤੋਂ ਵਾਲੇ ਦਿਨ ਜਾਂ ਉਸ ਤੋਂ ਪਹਿਲਾਂ ਸਰਕਾਰ ਵੱਲੋਂ ਜਾਰੀ ਕੀਤੇ ਗਜ਼ਟ ਨੋਟੀਫ਼ਿਕੇਸ਼ਨ ਰਾਹੀਂ ਨੋਟੀਫ਼ਿਕੇਸ਼ਨ ਜਾਰੀ ਕੀਤੇ ਜਾਣ ਦੀ ਮਿਤੀ ਅਤੇ ਉਸ ਤੋਂ ਪਹਿਲਾਂ ਸੂਬੇ ਅੰਦਰ ਐਲਾਨੇ ਗਏ ਕਿਸੇ ਵਿਸ਼ੇਸ਼ ਬਿਪਤਾ-ਪ੍ਰਭਾਵਤ ਖੇਤਰ ਅੰਦਰ ਕਿਸਾਨ ਦੀ, ਸੁਰੱਖਿਅਤ ਜਾਂ ਅਸੁਰੱਖਿਅਤ, ਦੇਣਦਾਰੀ, ਭਾਵੇਂ ਇਹ ਕਿਸੇ ਸਮਝੌਤੇ ਅਧੀਨ, ਜਾਂ ਸਰਕਾਰੀ ਫ਼ਰਮਾਨ ਜਾਂ ਕਿਸੇ ਅਦਾਲਤ ਜਾਂ ਟ੍ਰਿਬਿਊਨਲ ਜਾਂ ਹੋਰ ਕਿਸੇ ਵੀ ਤਰ੍ਹਾਂ ਦੇਣਯੋਗ ਹੋਵੇ ਅਤੇ ਉਹ ਰਕਮ ਜੋ ਇਕ ਸੰਸਥਾਗਤ ਲੈਣਦਾਰ ਜਾਂ ਨਿੱਜੀ ਲੈਣਦਾਰ ਨੂੰ ਅਦਾਯਗੀ ਯੋਗ ਹੋਵੇ; ਪਰ ਇਸ ਵਿਚ ਖੇਤੀ ਨਾਲ ਸੰਬੰਧਤ ਵਪਾਰਕ ਮਨੋਰਥਾਂ ਨੂੰ ਛੱਡ ਕੇ ਕਿਸਾਨ ਵੱਲੋਂ ਆਪਣੀ ਆਮਦਨ ਵਧਾਉਣ ਲਈ ਹਿੱਤ ਵਪਾਰਕ ਮਨੋਰਥਾਂ ਜਾਂ ਸੁਖ-ਸਾਧਨਾਂ ਲਈ ਲਏ ਕਰਜ਼ੇ ਦੀ ਰਕਮ ਸ਼ਾਮਲ ਨਹੀਂ ਹੋਵੇਗੀ।

**ਅਧਿਆਏ ਦੋ: ਫ਼ੌਰੀ ਕਰਜ਼ਾ ਰਾਹਤ**

- ਹਰ ਕਿਸਾਨ ਤੁਰੰਤ ਬਿਨਾਂ ਕਿਸੇ ਸ਼ਰਤ ਦੇ 20 ਨਵੰਬਰ 2017 ਤੱਕ ਬਕਾਇਆ ਸਮੁੱਚੇ ਸੰਸਥਾਗਤ ਕਰਜ਼ੇ ਦੀ ਮਾਫ਼ੀ ਦਾ ਹੱਕਦਾਰ ਹੈ
- ਕਰਜ਼ਾ ਮਾਫ਼ੀ ਇਕ ਕਿਸਤ ਵਿਚ ਲਾਗੂ ਕੀਤੀ ਜਾਵੇਗੀ; ਕਰਜ਼ਾ ਮਾਫ਼ੀ ਲਾਗੂ ਕੀਤੇ ਜਾਣ ਦੇ ਕਿਸੇ ਵੀ ਪ੍ਰਭਾਵ ਤੋਂ ਮੁਕਤ ਨਵੇਂ ਕਰਜ਼ੇ ਸਾਰੇ ਕਿਸਾਨਾਂ ਨੂੰ ਅਗਲੀ ਫ਼ਸਲ ਵੇਲੇ ਦਿੱਤੇ ਜਾਣਗੇ
- ਗ਼ੈਰ-ਸੰਸਥਾਗਤ ਕਰਜ਼ੇ ਵਾਲੇ ਕਿਸਾਨਾਂ ਵਾਸਤੇ ਕਰਜ਼ਾ-ਬਦਲੀ ਯੋਜਨਾ ਲਾਗੂ ਕੀਤੀ ਜਾਵੇਗੀ, ਗ਼ੈਰ-ਸੰਸਥਾਗਤ ਕਰਜ਼ਿਆਂ ਨੂੰ ਸੰਸਥਾਗਤ ਕਰਜ਼ਿਆਂ ਵਿਚ ਬਦਲਿਆ ਜਾਵੇਗਾ
- ਕਰਜ਼ਾ-ਬਦਲੀ ਹੋ ਜਾਣ ਤੋਂ ਬਾਅਦ, ਕਿਸਾਨ ਵੱਲ ਬਕਾਇਆ ਰਹਿ ਗਿਆ ਸੰਸਥਾਗਤ ਕਰਜ਼ਾ ਸਰਕਾਰ ਵੱਲੋਂ ਮਾਫ਼ ਕੀਤਾ ਜਾਵੇਗਾ।
- ਜਿਨ੍ਹਾਂ ਕਿਸਾਨਾਂ ਨੇ ਪਿਛਲੇ ਵਿੱਤੀ ਵਰ੍ਹੇ ਤੋਂ ਕੱਟ-ਆਫ਼ ਮਿਆਦ ਤੱਕ ਦਾ ਸੰਸਥਾਗਤ ਕਰਜ਼ਾ ਅਦਾ ਕਰ ਦਿੱਤਾ ਹੋਵੇ, ਉਨ੍ਹਾਂ ਦੇ ਖ਼ਾਤੇ ਵਿਚ ਪੈਦਾ ਹੋ ਚੁੱਕੀ ਫ਼ਸਲ ਦੇ ਅਨੁਸਾਰ ਵਿੱਤੀ ਪੋਸ਼ਣ ਲਈ ਰਕਮ ਜਮ੍ਹਾਂ ਕੀਤੀ ਜਾਣੀ ਚਾਹੀਦੀ ਹੈ।

**ਅਧਿਆਇ ਤਿੰਨ: ਕਿਸਾਨ ਕਰਜ਼ਾ ਰਾਹਤ ਕਮੀਸ਼ਨ**

- ਕੌਮੀ ਕਰਜ਼ਾ ਰਾਹਤ ਕਮੀਸ਼ਨ ਜਿਸਦੇ ਚੇਅਰਮੈਨ ਸੁਪਰੀਮ ਕੋਰਟ ਦੇ ਸੇਵਾ ਮੁਕਤ ਜੱਜ ਹੋਣ, 9 ਮੈਂਬਰੀ ਇਸ ਕਮੀਸ਼ਨ ਵਿਚ 2 ਜੁਡੀਸ਼ੀਅਲ ਮੈਂਬਰ, 4 ਕਿਸਾਨਾਂ ਦੇ ਪ੍ਰਤੀਨਿਧੀ, 2 ਮਾਹਿਰ ਮੈਂਬਰ ਹੋਣ ਅਤੇ 1 ਮੈਂਬਰ ਆਰਥਕ/ਸਹਿਕਾਰੀ ਖੇਤਰ ਤੋਂ ਲਿਆ ਜਾਵੇ। ਕਮੀਸ਼ਨ ਦੀ ਮਿਆਦ 5 ਸਾਲਾਂ ਦੀ ਹੋਵੇ, ਜਿਸ ਨੂੰ ਲੋੜ ਪੈਣ 'ਤੇ ਅੱਗੇ ਵਧਾਇਆ ਜਾ ਸਕਦਾ ਹੋਵੇ।
- ਇਹ ਕਮੀਸ਼ਨ ਇਸ ਕਾਨੂੰਨ ਨੂੰ ਲਾਗੂ ਕਰਨ ਸੰਬੰਧੀ ਕਿਸਾਨਾਂ ਦੀ ਸ਼ਿਕਾਇਤਾਂ/ਸਮੱਸਿਆਵਾਂ ਸੁਣੇਗਾ ਅਤੇ ਮਾਮਲਿਆਂ ਦੇ ਨਿਪਟਾਰੇ ਲਈ ਹੁਕਮ ਜਾਰੀ ਕਰੇਗਾ ਅਤੇ ਇਸ ਵਾਸਤੇ ਸਰਕਾਰ ਵੱਲੋਂ ਅਪਣਾਈ ਜਾਣ ਵਾਲੀ ਪ੍ਰਕਿਰਿਆ ਨਿਸ਼ਚਿਤ ਕਰੇਗਾ।
- ਆਉਣ ਵਾਲੇ ਸਾਲਾਂ ਦੌਰਾਨ, ਕਮੀਸ਼ਨ ਕਿਸੇ ਇਕ ਜ਼ਿਲ੍ਹੇ ਜਾਂ ਜ਼ਿਲ੍ਹੇ ਦੇ ਕਿਸੇ ਹਿੱਸੇ ਨੂੰ ਬਿਪਤਾ-ਪ੍ਰਭਾਵਤ ਇਲਾਕਾ, ਜਾਂ ਕਿਸੇ ਵਿਸ਼ੇਸ਼ ਫ਼ਸਲ ਨੂੰ ਬਿਪਤਾ-ਪ੍ਰਭਾਵਤ ਫ਼ਸਲ ਐਲਾਨ ਸਕਦਾ ਹੈ। ਇਹ ਕਾਰਵਾਈ ਕਮੀਸ਼ਨ ਆਪਣੇ ਵਿਵੇਕ ਨਾਲ ਜਾਂ ਇਸ ਸੰਬੰਧੀ ਪ੍ਰਾਪਤ ਹੋਈ ਕਿਸੇ ਅਰਜ਼ੀ ਦੀ, ਕਮੀਸ਼ਨ ਵੱਲੋਂ ਚੁਣੇ ਗਏ ਮਾਹਿਰਾਂ ਰਾਹੀ ਲੋੜੀਂਦੀ ਜਾਂਚ-ਪੜਤਾਲ ਕਰਨ ਤੋਂ ਬਾਅਦ ਕਰ ਸਕਦਾ ਹੈ।
- ਐਲਾਨੇ ਗਏ ਬਿਪਤਾ-ਪ੍ਰਭਾਵਤ ਖੇਤਰਾਂ ਅਤੇ ਫ਼ਸਲਾਂ ਬਾਰੇ ਕਮੀਸ਼ਨ ਸਰਕਾਰ ਨੂੰ ਕਰਜ਼ਾ ਰਾਹਤ ਪ੍ਰਦਾਨ ਕਰਨ ਸੰਬੰਧੀ ਸਿਫ਼ਾਰਸ਼ ਕਰੇਗਾ ਜਿਸ ਵਿਚ ਇਹ ਨਿਰਦੇਸ਼ ਵੀ ਸ਼ਾਮਲ ਹੋਵੇਗਾ ਕਿ ਪ੍ਰਭਾਵਿਤ ਕਿਸਾਨਾਂ ਦੇ ਬੈਂਕਾਂ ਅਤੇ ਗ਼ੈਰ-ਸੰਸਥਾਗਤ ਸਰੋਤਾਂ ਤੋਂ ਲਏ ਗਏ ਪੂਰੇ ਕਰਜ਼ੇ ਜਾਂ ਕਰਜ਼ੇ ਦੇ ਕੁਝ ਹਿੱਸੇ ਦਾ ਭਾਰ ਸਰਕਾਰ ਚੁੱਕੇਗੀ।

ਉਪਰੋਕਤ ਸਾਰਾਂਸ਼ ਆਲ ਇੰਡੀਆ ਕਿਸਾਨ ਸੰਘਰਸ਼ ਕੋਰਡੀਨੇਸ਼ਨ ਕਮੇਟੀ (ਏਆਈਕੇਸੀਸੀ) ਵੱਲੋਂ ਸੰਸਦ ਮਾਰਗ ਵਿਖੇ 20 ਨਵੰਬਰ 2017 ਨੂੰ ਕਿਸਾਨ ਮੁਕਤੀ ਸੰਸਦ ਦੌਰਾਨ ਦਿੱਤੇ ਗਏ ਬਿੱਲ ਦਾ ਅੰਸ਼ ਹੈ। ਪੂਰਾ ਬਿੱਲ http://www.aikscc.com/feedback.php ਉੱਪਰ ਉਲਪਲੱਬਧ ਹੈ।

- ਐਲਾਨੇ ਗਏ ਬਿਪਤਾ-ਪ੍ਰਭਾਵਤ ਖੇਤਰਾਂ ਅਤੇ ਫ਼ਸਲਾਂ ਬਾਰੇ ਕਮੀਸ਼ਨ ਇਹ ਆਦੇਸ਼ ਕਰ ਸਕਦਾ ਹੈ: (ਕ) ਘੱਟ ਮਿਆਦ ਦੇ ਕਰਜ਼ਿਆਂ ਨੂੰ ਮੱਧਕਾਲੀ ਕਰਜ਼ਿਆਂ ਵਿਚ ਤਬਦੀਲ ਕਰਨਾ ਅਤੇ ਮੱਧਕਾਲੀ ਕਰਜ਼ਿਆਂ ਨੂੰ ਦੀਰਘ-ਕਾਲੀ ਕਰਜ਼ਿਆਂ ਵਿਚ ਤਬਦੀਲ ਕਰਨਾ (ਖ) ਕੁਝ ਵਿਸ਼ੇਸ਼ ਕਰਜ਼ੇ ਮਾਫ਼ ਕਰਨ ਦੀ ਸਿਫ਼ਾਰਸ਼ ਕਰਨਾ (ੲ) ਜੇ ਕਿਸਾਨ ਤਿਆਰ ਹੋਵੇ ਤਾਂ ਯਕਮੁਸ਼ਤ ਅਦਾਇਗੀ ਦੀ ਸਹੂਲਤ ਪ੍ਰਦਾਨ ਕਰਨਾ, (ਸ) ਮਾਮਲੇ ਮੁਤਾਬਕ ਜ਼ੁਰਮਾਨੇ ਵਾਲਾ ਵਿਆਜ ਜਾਂ ਪੂਰਾ ਵਿਆਜ਼ ਮਾਫ਼ ਕਰਨਾ
- ਕਮੀਸ਼ਨ ਬਿਪਤਾ-ਪ੍ਰਭਾਵਤ ਇਲਾਕਿਆਂ ਵਿਚ ਕਿਸਾਨੀ ਕਰਜ਼ਿਆਂ ਦੇ ਮਾਮਲਿਆਂ ਉੱਪਰ ਵਿਚਾਰ ਕਰਨ ਲਈ ਬੈਠਕਾਂ ਕਰੇਗਾ।
- ਗ਼ੈਰ-ਸੰਸਥਾਗਤ ਕਰਜ਼ਿਆਂ ਦੇ ਮਾਮਲੇ ਵਿਚ ਕਮੀਸ਼ਨ ਹੇਠ ਲਿਖੇ ਅਨੁਸਾਰ ਕਾਰਵਾਈ ਕਰ ਸਕਦਾ ਹੈ
- ਇਕ ਵਾਜਬ ਵਿਆਜ ਦਰ ਮਿੱਥਣਾ; ਕਮੀਸ਼ਨ ਵੱਲੋਂ ਮੁਆਵਜ਼ੇ ਦੇ ਰੂਪ ਵਿਚ ਦਿੱਤੀ ਗਈ ਮੰਜ਼ੂਰੀ ਅਨੁਸਾਰ ਵਿਆਜ ਦੀ ਅਦਾਇਗੀ ਸਰਕਾਰ ਵੀ ਕਰੇਗੀ
- ਫ਼ਸਲ ਬਰਬਾਦ ਹੋਣ ਦੀ ਸੂਰਤ ਦੇ ਮੱਦੇਨਜ਼ਰ ਨੁਕਸਾਨ ਦੀ ਕਿਸਮ ਅਨੁਸਾਰ ਕਿਸਾਨਾਂ ਦੇ ਸਾਰੇ ਕਰਜ਼ਿਆਂ ਦੀ ਅਦਾਇਗੀ ਤੋਂ ਛੁੱਟੀ ਦੇਣਾ, ਜਿਸ ਦੀ ਮਿਆਦ 3 ਸਾਲ ਤੋਂ ਵੱਧ ਨਹੀਂ ਹੋਵੇਗੀ।
- ਗ਼ੈਰ-ਸੰਸਥਾਗਤ ਕਰਜ਼ਿਆਂ ਨੂੰ ਸੰਸਥਾਗਤ ਕਰਜ਼ਿਆਂ ਵਿਚ ਬਦਲਣ ਵਾਲੇ ਕਰਜ਼ਾ-ਤਬਦੀਲੀ ਦੇ ਹੁਕਮਾਂ ਨੂੰ ਲਾਗੂ ਕਰਨਾ।
- ਕਮੀਸ਼ਨ ਵਪਾਰਕ ਬੈਂਕਾਂ ਨਾਲ ਸੰਬੰਧਤ ਕਰਜ਼ੇ ਦੇ ਮਾਮਲਿਆਂ ਵਾਲੇ ਪੀੜਿਤ ਕਿਸਾਨਾਂ ਤੋਂ ਅਰਜ਼ੀਆਂ ਪ੍ਰਾਪਤ ਕਰ ਸਕਦਾ ਹੈ ਅਤੇ ਕਿਸਾਨਾਂ ਨੂੰ ਰਾਹਤ ਦੇਣ ਦੇ ਹੁਕਮ ਜਾਰੀ ਕਰ ਸਕਦਾ ਹੈ।
- ਜਦੋਂ ਕੋਈ ਖੇਤਰ ਜਾਂ ਫ਼ਸਲ ਬਿਪਤਾ-ਪ੍ਰਭਾਵਤ ਐਲਾਨੀ ਜਾ ਚੁੱਕੀ ਹੋਵੇ ਤਾਂ ਕਿਸਾਨਾਂ ਤੋਂ ਕਰਜ਼ਾ ਵਸੂਲਣ ਸੰਬੰਧੀ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾ ਸਕੇਗੀ।
- ਕਮੀਸ਼ਨ ਕੋਲ ਕਰਜ਼ਈ ਕਿਸਾਨਾਂ ਉੱਪਰ ਦਬਾਅ ਪਾਉਣ, ਜਾਂ ਕਿਸਾਨਾਂ ਨੂੰ ਬਦਨਾਮ ਕਰਨ ਵਾਲੀਆਂ ਕਾਰਵਾਈਆਂ ਰੋਕਣ ਦੀਆਂ ਸ਼ਕਤੀਆਂ ਹੋਣਗੀਆਂ।
- ਇਹ ਸ਼ਰਤ ਹੈ ਕਿ ਜੇ ਕਿਸਾਨ ਮੂਲਧਨ ਅਤੇ ਮੂਲਧਨ ਦੇ ਬਰਾਬਰ (ਵਿਆਜ਼) ਦੀ ਰਕਮ ਅਦਾ ਕਰ ਚੁੱਕਾ ਹੈ ਤਾਂ ਕਰਜ਼ਾ ਪੂਰੀ ਤਰ੍ਹਾਂ ਅਦਾ ਕੀਤਾ ਹੋਇਆ ਮੰਨ ਲਿਆ ਜਾਵੇਗਾ।
- ਕਮੀਸ਼ਨ ਦੇ ਹੁਕਮਾਂ/ਫ਼ੈਸਲਿਆਂ ਅਨੁਸਾਰ, ਮਾਫ਼ ਕੀਤੇ ਗਏ ਕਰਜ਼ੇ ਜਾਂ ਵਿਆਜ਼, ਜਾਂ ਯਕਮੁਸ਼ਤ ਅਦਾਇਗੀ ਸੰਬੰਧੀ ਫ਼ੈਸਲਿਆਂ ਜਾਂ ਕਰਜ਼ੇ ਦੀ ਮਿਆਦ ਮੁੜ ਮਿੱਥਣ ਕਰਕੇ ਜੋ ਵੀ ਪ੍ਰਭਾਵ ਪਵੇਗਾ ਉਸ ਦਾ ਭਾਰ ਸਰਕਾਰ ਆਪਣੇ ਉੱਪਰ ਲਵੇਗੀ

**ਅਧਿਆਇ 5: ਕੇਂਦਰ ਸਰਕਾਰ ਦੀਆਂ ਜ਼ਿੰਮੇਵਾਰੀਆਂ**

ਫ਼ੌਰੀ ਕਰਜ਼ਾ ਰਾਹਤ ਅਤੇ ਕਰਜ਼ਾ ਰਾਹਤ ਕਮੀਸ਼ਨ ਦੇ ਫ਼ੈਸਲਿਆਂ, ਹੁਕਮਾਂ ਅਤੇ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਲਈ ਕੇਂਦਰ ਸਰਕਾਰ ਲੋੜੀਂਦਾ ਵਿੱਤੀ ਖ਼ਾਕਾ ਪ੍ਰਦਾਨ ਕਰੇਗੀ।

ਸਰਕਾਰ ਜਾਇਦਾਦਾਂ ਦੀਆਂ ਕੁਝ ਅਜਿਹੀਆਂ ਸ਼੍ਰੇਣੀਆਂ ਨੂੰ ਸੂਚੀਬੱਧ ਕਰੇਗੀ ਜਿਨ੍ਹਾਂ ਨੂੰ ਲੈਣਦਾਰਾਂ ਵੱਲੋਂ ਨੀਲਾਮ ਜਾਂ ਕੁਰਕ ਨਹੀਂ ਕੀਤਾ ਜਾ ਸਕਦਾ ਹੋਵੇਗਾ।

ਕੇਂਦਰ ਸਰਕਾਰ ਸੂਬਾ ਸਰਕਾਰਾਂ ਵੱਲੋਂ ਲਾਗੂ ਕੀਤੇ ਜਾਣ ਵਾਸਤੇ ਇਕ ਮਾਡਲ ਕਾਨੂੰਨ ਤਿਆਰ ਕਰੇ, ਜੋ ਕਰਜ਼ਾ ਰਾਹਤ ਮਾਮਲਿਆਂ ਦੀ ਦੇਖ-ਰੇਖ ਲਈ ਸੂਬਾ ਪੱਧਰੀ ਕਿਸਾਨ ਰਾਹਤ ਕਮੀਸ਼ਨ ਸਥਾਪਤ ਕਰੇਗਾ, ਇਨ੍ਹਾਂ ਵਿਚ ਸਹਿਕਾਰੀ ਬੈਂਕਾਂ ਅਤੇ ਗ਼ੈਰ-ਸੰਸਥਾਗਤ ਕਰਜ਼ਾ ਸਰੋਤਾਂ ਦੇ ਕਰਜ਼ੇ ਸ਼ਾਮਲ ਹੋਣਗੇ।

ਸਰਕਾਰ ਵਾਜਬ ਅਤੇ ਪ੍ਰਭਾਵਸ਼ਾਲੀ ਕਰਜ਼ਾ ਰਾਹਤ ਅਤੇ ਫ਼ਸਲ ਬੀਮਾਂ ਯੋਜਨਾਵਾਂ ਲਾਗੂ ਕਰੇ ਤਾਂ ਜੋ ਕਿਸਾਨਾਂ ਨੂੰ ਬਿਪਤਾ ਵਾਲੇ ਫ਼ਸਲੀ ਮੌਸਮਾਂ/ਸਾਲਾਂ ਦੌਰਾਨ ਕਰਜ਼ੇ ਦੇ ਜਾਲ ਵਿਚ ਫਸਣ ਤੋਂ ਬਚਾਉਣਾ ਯਕੀਨੀ ਬਣਾਇਆ ਜਾ ਸਕੇ।

ਕਰਜ਼ਾ ਘਟਾਉਣ ਲਈ ਸਰਕਾਰ ਵੱਡੇ ਪੱਧਰ ਉੱਤੇ ਘੱਟ ਲਾਗਤ ਵਾਲੀ ਕੁਦਰਤੀ ਖੇਤੀ ਨੂੰ ਉਤਸ਼ਾਹਤ ਕਰੇ;

ਸਰਕਾਰ ਪ੍ਰਮੁੱਖਤਾ ਵਾਲੇ ਖੇਤਰਾਂ ਨੂੰ ਕਰਜ਼ਾ ਦੇਣ ਦੀਆਂ ਸ਼ਰਤਾਂ ਵਿਚ ਸੁਧਾਰ ਕਰੇ ਤਾਂ ਜੋ ਹਾਸ਼ੀਆਗਤ ਅਤੇ ਅਸਲੀ ਕਾਸ਼ਤਕਾਰ ਸੰਸਥਾਗਤ ਕਰਜ਼ਿਆਂ ਦਾ ਲਾਭ ਪ੍ਰਾਪਤ ਕਰ ਸਕਣ।

ਉਪਰੋਕਤ ਸਾਰਾਂਸ਼ ਆਲ ਇੰਡੀਆ ਕਿਸਾਨ ਸੰਘਰਸ਼ ਕੋਰਡੀਨੇਸ਼ਨ ਕਮੇਟੀ (ਏਆਈਕੇਸੀਸੀ) ਵੱਲੋਂ ਸੰਸਦ ਮਾਰਗ ਵਿਖੇ 20 ਨਵੰਬਰ 2017 ਨੂੰ ਕਿਸਾਨ ਮੁਕਤੀ ਸੰਸਦ ਦੌਰਾਨ ਦਿੱਤੇ ਗਏ ਬਿੱਲ ਦਾ ਅੰਸ਼ ਹੈ। ਪੂਰਾ ਬਿੱਲ
http://www.aikscc.com/feedback.php ਉੱਪਰ ਉਲਪਲੱਬਧ ਹੈ।